ਕੰਪਿਊਟਰ ਸੈੱਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ..612...ਮਿਤੀ....8/11/19.

ਚੀਫ਼ ਇੰਜੀਨੀਅਰ, ਜਲ ਸਰੋਤ ਵਿਭਾਗ ਪੰਜਾਬ
9170 DA
07 OCT [illegible]

ਪੰਜਾਬ ਸਰਕਾਰ
ਜਲ ਸਰੋਤ ਵਿਭਾਗ
(ਸਿਚਾਈ ਪ੍ਰਸੋਨਲ-1 ਸ਼ਾਖਾ)

## ਹੁਕਮ

ਜਿਵੇਂ ਕਿ ਮਿਤੀ 05.11.2018 ਨੂੰ ਜਲ ਸਰੋਤ ਵਿਭਾਗ ਦੇ ਕਾਰਜਕਾਰੀ ਇੰਜੀਨੀਅਰਾਂ ਤੋਂ ਬਤੌਰ ਨਿਗਰਾਨ ਇੰਜੀਨੀਅਰ ਪੱਦ ਉੱਨਤ ਕਰਨ ਲਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਹੋਈ ਸੀ। ਇਸ ਮੀਟਿੰਗ ਵਿੱਚ ਸ਼੍ਰੀ ਰਾਮ ਲਾਲ ਸੰਧੂ, ਕਾਰਜਕਾਰੀ ਇੰਜੀਨੀਅਰ (ਸੀਨੀਆਰਤਾ ਨੰ: 65) ਦਾ ਨਾਮ ਵੀ ਬਤੌਰ ਨਿਗਰਾਨ ਇੰਜੀਨੀਅਰ ਪੱਦ ਉੱਨਤ ਕਰਨ ਲਈ ਵਿਚਾਰਿਆ ਗਿਆ ਸੀ। ਅਧਿਕਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਲੰਬਿਤ ਹੋਣ ਕਾਰਨ ਵਿਭਾਗੀ ਤਰੱਕੀ ਕਮੇਟੀ ਵੱਲੋਂ ਅਧਿਕਾਰੀ ਦਾ ਨਾਮ ਸੀਲਡ ਕਵਰ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਗਈ ਸੀ।

2. ਜਿਵੇਂ ਕਿ ਅਧਿਕਾਰੀ ਨੂੰ ਸਰਕਾਰ ਦੇ ਪੱਤਰ ਨੰ: 19/102/2015-3ਸਪ1(1ਸਪ1)/999735/1-3 ਮਿਤੀ 13.06.2017 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਅਧਿਕਾਰੀ ਦਾ ਕੇਸ ਸਮਰੱਥ ਅਥਾਰਟੀ ਦੇ ਪੱਧਰ ਤੇ ਵਿਚਾਰਨ ਉਪਰੰਤ ਸਰਕਾਰ ਦੇ ਪੱਤਰ ਨੰ: 19/102/2015-3ਸਿੰਪ੍ਰੋ1(1ਸਪ1)/1601249 ਮਿਤੀ 23.10.2019 ਰਾਹੀਂ ਅਧਿਕਾਰੀ ਨੂੰ ਨਿਖੇਧੀ (Censure) ਦੀ ਸਜ਼ਾ ਦਿੱਤੀ ਗਈ ਹੈ।

3. ਜਿਵੇਂ ਕਿ ਪ੍ਰਸੋਨਲ ਵਿਭਾਗ (ਪ੍ਰਸੋਨਲ-1ਸ਼ਾਖਾ) ਦੇ ਪੱਤਰ ਨੰ: 7/65/93-5ਪੀਪੀ1/22105 ਮਿਤੀ 10.12.1993 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਕਿਸੇ ਅਧਿਕਾਰੀ ਨੂੰ ਨਿਖੇਦੀ ਦੀ ਸਜ਼ਾ ਨੂੰ ਹੀ ਆਧਾਰ ਮੰਨਕੇ ਤਰੱਕੀ ਜਾਂ ਪ੍ਰਵੀਨਤਾ ਤਰੱਕੀ ਨਾ ਦੇਣਾ ਨਿਆਂ-ਸੰਗਤ ਨਹੀਂ ਸਮਝਿਆ ਜਾਂਦਾ ਹੈ। ਅਰਥਾਤ ਅਜਿਹੇ ਕੇਸਾਂ ਵਿੱਚ ਨਿਖੇਦੀ ਦੀ ਸਜ਼ਾ ਰੁਕਾਵਟ ਨਾ ਸਮਝੀ ਜਾਵੇ।

4. ਜਿਵੇਂ ਕਿ ਮਿਤੀ 05.11.2018 ਨੂੰ ਜਲ ਸਰੋਤ ਵਿਭਾਗ ਵਿੱਚ ਕੰਮ ਕਰਦੇ ਕਾਰਜਕਾਰੀ ਇੰਜੀਨੀਅਰਾਂ ਤੋਂ ਬਤੌਰ ਨਿਗਰਾਨ ਇੰਜੀਨੀਅਰ ਪੱਦ ਉੱਨਤ ਕਰਨ ਸਬੰਧੀ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਵਿੱਚ ਕਮੇਟੀ ਵੱਲੋਂ ਅਧਿਕਾਰੀ ਦੀਆਂ ਸਿਫਾਰਸ਼ਾਂ ਸੀਲਡ ਕਵਰ ਵਿੱਚ ਰੱਖੀਆਂ ਗਈਆਂ ਸਨ, ਨੂੰ ਖੋਲਿਆ ਗਿਆ। ਸੀਲਡ ਕਵਰ ਖੋਲਣ ਉਪਰੰਤ ਅਧਿਕਾਰੀ ਨੂੰ ਤਰੱਕੀ ਲਈ ਯੋਗ ਪਾਇਆ ਗਿਆ।

5. ਉਪਰੋਕਤ ਦੇ ਸਨਮੁੱਖ ਸ਼੍ਰੀ ਰਾਮ ਲਾਲ ਸੰਧੂ, ਕਾਰਜਕਾਰੀ ਇੰਜੀਨੀਅਰ (ਸੀਨੀਆਰਤਾ ਨੰ: 65) ਨੂੰ ਬਤੌਰ ਨਿਗਰਾਨ ਇੰਜੀਨੀਅਰ ਤਨਖਾਹ ਸਕੇਲ 37400-67000+8700(ਗ੍ਰੇਡ-ਪੇ) ਵਿੱਚ ਮਿਤੀ 06.11.2018 (ਜਿਸ ਮਿਤੀ ਤੋਂ ਜੂਨੀਅਰ ਅਧਿਕਾਰੀ ਸ਼੍ਰੀ ਮੋਹਨ ਸਿੰਘ, ਸੀਨੀਆਰਤਾ ਨੰ: 66 ਨੂੰ ਪੱਦ ਉੱਨਤੀ ਦਿੱਤੀ ਗਈ ਹੈ) ਤੋਂ ਨੋਸ਼ਨਲ ਪੱਦ ਉੱਨਤ ਕੀਤਾ ਜਾਂਦਾ ਹੈ।

6. ਇਹ ਹੁੱਕਮ ਸਮਰੱਥ ਅਥਾਰਟੀ ਭਾਵ ਜਲ ਸਰੋਤ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

7. ਇਹ ਪੱਦ ਉਨਤੀ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਕੀਤੀ ਜਾਂਦੀ ਹੈ:-

(ੳ) ਇਹ ਪੱਦ-ਉੱਨਤੀ ਸੀਨੀਅਰਤਾ ਸਬੰਧੀ ਜੇਕਰ ਕੋਰਟ ਕੇਸ ਜਾਂ ਹੋਰ ਕੋਈ ਫੈਸਲਾ ਹੁੰਦਾ ਹੈ ਤਾਂ ਉਸ ਕੇਸ ਦੇ ਅੰਤਿਮ ਫੈਸਲੇ ਤੇ ਨਿਰਭਰ ਕਰੇਗੀ।

(ਅ) ਪੱਦ-ਉੱਨਤ ਹੋਣ ਵਾਲੇ ਅਧਿਕਾਰੀ ਨੂੰ ਬਤੌਰ ਨਿਗਰਾਨ ਇੰਜੀਨੀਅਰ ਇੱਕ ਸਾਲ ਦੇ ਪਰਖ-ਕਾਲ ਸਮੇਂ ਤੇ ਰੱਖਿਆ ਜਾਵੇਗਾ। ਜੇਕਰ ਪਰਖਕਾਲ ਸਮੇਂ ਦੌਰਾਨ ਅਧਿਕਾਰੀ ਦਾ ਕੰਮ

Scanned by CamScanner

ਅਤੇ ਆਚਰਣ ਤਸੱਲੀਬਖਸ਼ ਨਾ ਪਾਇਆ ਗਿਆ ਤਾਂ ਇਹ ਪਰਖਕਾਲ ਸਮਾਂ ਨਿਯਮਾਂ ਅਨੁਸਾਰ ਵਧਾਇਆ ਵੀ ਜਾ ਸਕਦਾ ਹੈ।

(ੲ) ਜੇਕਰ ਪਦ-ਉੱਨਤ ਹੋਣ ਵਾਲੇ ਅਧਿਕਾਰੀ ਦੇ ਸੇਵਾ ਰਿਕਾਰਡ ਵਿੱਚ ਕੋਈ ਖਾਮੀ/ਕਲੈਰੀਕਲ ਗਲਤੀ ਸਰਕਾਰ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਇਸ ਪਦ-ਉਨਤੀ ਤੇ ਮੁੜ ਵਿਚਾਰ ਕੀਤਾ ਜਾ ਸਕਦਾ ਹੈ।

ਸਰਵਜੀਤ ਸਿੰਘ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਜਲ ਸਰੋਤ ਵਿਭਾਗ।

ਮਿਤੀ: ਚੰਡੀਗੜ੍ਹ
06.11.2019

ਪਿੱਠ ਅੰਕਣ ਨੰ: 03/01/2018-2ਸਪ1/38/1-4 ਮਿਤੀ: ਚੰਡੀਗੜ੍ਹ 06-11-2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ;
(2) ਸਮੂਹ ਮੁੱਖ ਇੰਜੀਨੀਅਰ/ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ;
(3) ਇੰਚਾਰਜ, ਕੰਪਿਊਟਰ ਸੈੱਲ, ਮੁੱਖ ਦਫ਼ਤਰ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ;
(4) ਸਬੰਧਤ ਅਧਿਕਾਰੀ ਮਾਰਫਤ: ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ।

ਉਪ ਸਕੱਤਰ ਜਲ ਸਰੋਤ

ਅੰਦਰੂਨੀ ਵੰਡ:-

- ਨਿੱ:ਸ:/ਜਲ ਸਰੋਤ ਮੰਤਰੀ ਜੀ;
- ਨਿੱ:ਸ:/ਪ੍ਰਮੁੱਖ ਸਕੱਤਰ, ਜਲ ਸਰੋਤ ਜੀ;
- ਨਿੱ:ਸਹਾਇਕ/ਵਿਸ਼ੇਸ਼ ਸਕੱਤਰ ਜਲ ਸਰੋਤ ਜੀ;

Scanned by CamScanner